BRAMPTON

# Media Release

ਤੁਰੰਤ ਰਿਲੀਜ ਲਈ

## 20 ਤੋਂ 22 ਨਵੰਬਰ ਤੱਕ - ਬ੍ਰੈਂਪਟਨ ਦੇ ਵਿੰਟਰ ਲਾਈਟਸ ਫੈਸਟੀਵਲ ਦੇ ਨਾਲ ਛੁੱਟੀਆਂ ਦੇ ਸੀਜਨ ਦੀ ਸ਼ੁਰੂਆਤ ਦਾ ਮਜ਼ਾ ਲਵੋ

ਬ੍ਰੈਂਪਟਨ, ਓਨਟੈਰੀਓ (6 ਨਵੰਬਰ, 2020) – ਆਪਣਾ ਮਨਪਸੰਦ ਛੁੱਟੀਆਂ ਦਾ ਸਵੈਟਰ ਪਹਿਨੋ ਅਤੇ ਸ਼ੁੱਕਰਵਾਰ, 20 ਨਵੰਬਰ ਤੋਂ ਐਤਵਾਰ, 22 ਨਵੰਬਰ ਤੱਕ, ਸਾਲਾਨਾ ਵਿੰਟਰ ਲਾਈਟਸ ਫੈਸਟੀਵਲ (Winter Lights Festival) ਦੇ ਨਾਲ, ਔਨਲਾਈਨ ਅਤੇ ਡਾਊਨਟਾਊਨ ਬ੍ਰੈਂਪਟਨ ਵਿੱਚ ਛੁੱਟੀਆਂ ਵਾਲਾ ਜੋਸ਼ ਭਰੋ!

ਇਸ ਸਾਲ ਦਾ ਇਹ ਤਿਓਹਾਰ, ਕੋਵਿਡ-19 (COVID-19) ਦੇ ਕਾਰਨ ਅਲਗ ਹੋਵੇਗਾ। ਵਿਅਕਤੀਗਤ ਅਤੇ ਆਭਾਸੀ (ਵਰਚੁਅਲ) ਕਾਰਜਕਰਮ ਪੇਸ਼ ਕੀਤੇ ਜਾਣਗੇ, ਕਿਉਂਕਿ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ, ਸਿਟੀ ਦੀ ਤਰਜੀਹ ਹਨ। ਹੇਠਾਂ ਦਿੱਤੇ ਸਾਰੇ ਕਾਰਜਕਰਮਾਂ ਅਤੇ ਪੂਰਾ ਵੀਕੈਂਡ ਪਰਿਵਾਰਾਂ ਲਈ ਔਨਲਾਈਨ ਗਤੀਵਿਧੀਆਂ ਬਾਰੇ ਹੋਰ ਜਾਣਕਾਰੀ ਲਈ, brampton.ca/winterlights ਤੇ ਜਾਓ।

### ਵਿਅਕਤੀਗਤ ਕਾਰਜਕਰਮ

- **ਨਵਾਂ! ਡ੍ਰਾਈਵ-ਥ੍ਰੂ ਲਾਈਟ ਐਕਸਪੀਰੀਐਂਸ** | ਗੇਜ ਪਾਰਕ (Gage Park) | ਸ਼ੁੱਕਰਵਾਰ, 20 ਨਵੰਬਰ; ਸ਼ਨੀਵਾਰ, 21 ਨਵੰਬਰ ਅਤੇ ਐਤਵਾਰ, 22 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ

  ਕਾਰ ਵਿੱਚ ਗੇਜ ਪਾਰਕ ਤੱਕ ਜਾਓ ਅਤੇ ਇਸਨੂੰ ਪਹਿਲਾਂ ਨਾਲੋਂ ਕਿਤੇ ਵੱਧ ਲਾਈਟਾਂ ਨਾਲ ਜਗਮਗਾਉਂਦਾ ਦੇਖੋ! ਪੂਰਾ ਵੀਕੈਂਡ ਡ੍ਰਾਈਵ-ਥ੍ਰੂ ਲਾਈਟ ਦਾ ਅਨੁਭਵ ਕਰੋ। ਹਿੱਸਾ ਲੈਣ ਵਾਸਤੇ ਰਜਿਸਟਰੇਸ਼ਨ ਲੋੜੀਂਦੀ ਹੈ। ਆਪਣੀ ਥਾਂ ਬੁੱਕ ਕਰਨ ਲਈ ਇੱਥੇ ਕਲਿੱਕ ਕਰੋ (click here)।

- **ਕ੍ਰਿਸਮਸ ਮਾਰਕੀਟ** | ਕੇਨ ਵ੍ਹਿਲੈਨਸ ਸਕਵੇਅਰ (Ken Whillans Square) | ਸ਼ੁੱਕਰਵਾਰ, 20 ਨਵੰਬਰ ਨੂੰ ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ; ਸ਼ਨੀਵਾਰ, 21 ਨਵੰਬਰ ਨੂੰ ਸਵੇਰੇ 11 ਵਜੇ ਤੋਂ ਰਾਤ 11 ਵਜੇ ਤੱਕ ਅਤੇ ਐਤਵਾਰ, 22 ਨਵੰਬਰ ਨੂੰ ਸਵੇਰੇ 11 ਵਜੇ ਤੋਂ ਰਾਤ 8 ਵਜੇ ਤੱਕ

  ਕੇਨ ਵ੍ਹਿਲੈਨਸ ਸਕਵੇਅਰ ਵਿੱਚ ਟੀ.ਡੀ. (TD) ਵੱਲੋਂ ਪੇਸ਼ ਕੀਤੀ ਜਾਣ ਵਾਲੀ, ਇਸ ਸਾਲ ਦੀ ਆਊਟਡੋਰ ਕ੍ਰਿਸਮਸ ਮਾਰਕੀਟ (Christmas Market) ਵਿਖੇ ਆਪਣੀ ਛੁੱਟੀਆਂ ਦੀ ਖਰੀਦਦਾਰੀ ਸ਼ੁਰੂ ਕਰੋ, ਜੋ ਬੇਜੋੜ ਗਿਫਟਾਂ ਅਤੇ ਮਿਠਾਈ ਟ੍ਰੀਟਸ ਨਾਲ ਭਰਪੂਰ ਹੈ। ਰੋਜ਼ਾਨਾ ਸ਼ਾਮਲ ਹੋਣ ਵਾਲੇ ਪਹਿਲੇ 50 ਵਿਅਕਤੀਆਂ ਨੂੰ, ਡੋਰ ਕ੍ਰੈਸ਼ਰ ਇਨਾਮ ਵਜੋਂ 10.00 ਡਾਲਰ ਦਾ ਡਾਊਨਟਾਊਨ ਬੀ.ਆਈ.ਏ. (Downtown BIA) ਗਿਫਟ ਸਰਟੀਫਿਕੇਟ ਮਿਲੇਗਾ। ਮਾਰਕੀਟ, ਪੀਲ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ – ਆਉਣ ਵਾਲਿਆਂ (ਵਿਜੀਟਰਾਂ) ਲਈ ਮਾਸਕ ਪਹਿਨਣਾ, ਜਿੱਥੇ ਸੰਭਵ ਹੋਵੇ ਸਰੀਰਕ ਦੂਰੀ ਰੱਖਣਾ ਅਤੇ ਚੰਗੀ ਤਰ੍ਹਾਂ ਸਫਾਈ ਰੱਖਣਾ ਜ਼ਰੂਰੀ ਹੋਵੇਗਾ। ਪੂਰੇ ਵੇਰਵਿਆਂ ਲਈ brampton.ca/winterlights ਤੇ ਜਾਓ।

### ਆਭਾਸੀ ਕਾਰਜਕਰਮ

- **ਸਾਲਾਨਾ ਟ੍ਰੀ ਲਾਈਟਿੰਗ** | brampton.ca/winterlights | ਸ਼ੁੱਕਰਵਾਰ, 20 ਨਵੰਬਰ ਨੂੰ ਸ਼ਾਮ 5:30 ਵਜੇ

  ਅਲੈਕਟ੍ਰਾ ਯੂਟੀਲਿਟੀਜ (Alectra Utilities) ਵੱਲੋਂ ਪ੍ਰਾਯੋਜਿਤ, ਸਾਲਾਨਾ ਟ੍ਰੀ ਲਾਈਟਿੰਗ ਸੇਰੇਮਨੀ (Tree Lighting Ceremony), ਛੁੱਟੀਆਂ ਦੇ ਸੀਜਨ ਲਈ ਬ੍ਰੈਂਪਟਨ ਦੀ ਅਧਿਕਾਰਤ ਸ਼ੁਰੂਆਤ ਕਰਨ ਦਾ ਜਸ਼ਨ ਹੈ। ਇਸ ਸਾਲ, ਕੇਨ ਵ੍ਹਿਲੈਨਸ ਸਕਵੇਅਰ ਵਿੱਚ, ਸਿਟੀ ਦੇ 60 ਫੁੱਟ ਦੇ ਚੀੜ ਦੇ ਦਰਖ਼ਤ ਨੂੰ ਕ੍ਰਿਸਮਸ ਦੀਆਂ 10,000 ਤੋਂ ਵੱਧ ਲਾਈਟਾਂ ਨਾਲ ਰੋਸ਼ਨ ਕਰਨ ਲਈ, ਮੇਅਰ ਪੈਟਰਿਕ ਬ੍ਰਾਊਨ (Patrick Brown) ਦੇ ਨਾਲ

ਉਲਟੀ ਗਿਣਤੀ ਗਿਣਨ ਦੇ ਵੀਡੀਓ ਲਈ, ਸ਼ਾਮ 5:30 ਵਜੇ brampton.ca/winterlights ਤੇ ਜਾਓ। ਇਸ ਸਾਲ ਕੋਈ ਵਿਅਕਤੀਗਤ ਕਾਰਜਕਰਮ ਨਹੀਂ ਹੋਵੇਗਾ।

- **ਬ੍ਰੈਂਪਟਨ ਦੀ ਸੈਂਟਾ ਕਲਾਜ ਪਰੇਡ |** ਬ੍ਰੈਂਪਟਨ ਦੀ ਸੈਂਟਾ ਕਲਾਜ ਪਰੇਡ ਦਾ ਫੇਸਬੁੱਕ ਪੇਜ (Brampton Santa Claus Parade Facebook page) **|** ਸ਼ਨੀਵਾਰ, 21 ਨਵੰਬਰ ਨੂੰ ਸ਼ਾਮ 5 ਵਜੇ

  ਬ੍ਰੈਂਪਟਨ ਦੇ ਰੋਟਰੀ ਕਲੱਬ (Rotary Club) ਵੱਲੋਂ ਪੇਸ਼ ਕੀਤੇ ਜਾਣ ਵਾਲੀ, ਬ੍ਰੈਂਪਟਨ ਦੀ ਸੈਂਟਾ ਕਲਾਜ ਪਰੇਡ (Brampton Santa Claus Parade), ਇਸ ਸਾਲ ਔਨਲਾਈਨ ਹੋਵੇਗੀ। ਪਹਿਲੀ ਵਾਰ, ਨਿਵਾਸੀ ਬ੍ਰੈਂਪਟਨ ਦੀ ਸੈਂਟਾ ਕਲਾਜ ਪਰੇਡ ਦੇ ਫੇਸਬੁੱਕ ਪੇਜ (Brampton Santa Claus Parade Facebook page) ਤੇ ਸ਼ਾਮ 5 ਵਜੇ ਸ਼ੁਰੂ ਹੋਣ ਵਾਲੀ ਇੱਕ ਖਾਸ ਪੇਸ਼ਕਾਰੀ ਦਾ ਅਨੰਦ ਮਾਣ ਸਕਦੇ ਹਨ। ਪੇਸ਼ਕਾਰੀ ਵਿੱਚ ਪਿਛਲੇ ਸਾਲਾਂ ਦੀਆਂ ਝਲਕੀਆਂ ਅਤੇ ਸੈਂਟਾ ਦੀ ਨਵੀਂ ਫੁਟੇਜ ਪੇਸ਼ ਕੀਤੀ ਜਾਵੇਗੀ, ਜਦੋਂ ਉਹ ਪੂਰੇ ਬ੍ਰੈਂਪਟਨ ਵਿੱਚ ਘੁੰਮੇਗਾ! ਇਸ ਸਾਲ ਕੋਈ ਵਿਅਕਤੀਗਤ ਕਾਰਜਕਰਮ ਨਹੀਂ ਹੋਵੇਗਾ। ਹੋਰ ਜਾਣਕਾਰੀ ਲਈ, bramptonsantaclausparade.com ਤੇ ਜਾਓ।

ਸਿਟੀ ਆਫ ਬ੍ਰੈਂਪਟਨ, 2020 ਦੇ ਵਿੰਟਰ ਲਾਈਟਸ ਫੈਸਟੀਵਲ ਲਈ ਇਸਦੇ ਪ੍ਰਾਯੋਜਕਾਂ: ਟੀ.ਡੀ., ਅਲੈਕਟ੍ਰਾ ਯੁਟੀਲਿਟੀਜ, ਆੱਲਸਟੇਟ (Allstate), ਬੈੱਲ (Bell), ਬ੍ਰੈਮਲੀ ਸਿਟੀ ਸੈਂਟਰ (Bramalea City Centre), ਸੀ.ਐਨ. (CN) ਅਤੇ ਟਿਮ ਹੋਰਟਨਸ (Tim Hortons) ਦਾ ਧੰਨਵਾਦ ਕਰਦੀ ਹੈ। ਜਦੋਂ ਤੁਸੀਂ ਸੋਸ਼ਲ ਮੀਡੀਆ ਤੇ ਆਪਣਾ ਅਨੁਭਵ ਸਾਂਝਾ ਕਰੋ ਤਾਂ ਹੈਸ਼ਟੈਗ - #BramptonWinterLights ਵਰਤਣਾ ਨਾ ਭੁੱਲੋ।

**ਹਵਾਲੇ**

"ਇਹ ਸਾਲ ਬਹੁਤ ਸਾਰੇ ਲੋਕਾਂ ਲਈ ਬਹੁਤ ਮੁਸ਼ਕਲ ਰਿਹਾ ਹੈ। ਅਸੀਂ ਇਸ ਸਾਲ ਦੇ ਵਿੰਟਰ ਲਾਈਟਸ ਫੈਸਟੀਵਲ ਦੇ ਨਾਲ, ਖੁਸ਼ੀ ਫੈਲਾਉਣ ਲਈ ਉਤਸ਼ਾਹਿਤ ਹਾਂ। ਨਵੇਂ ਡ੍ਰਾਈਵ-ਥ੍ਰੂ ਲਾਈਟ ਐਕਸਪੀਰੀਐਂਸ ਲਈ ਟਿਕਟ ਬੁੱਕ ਕਰੋ, ਕ੍ਰਿਸਮਸ ਮਾਰਕੀਟ ਵਿਖੇ ਲੋਕਲ ਵਸਤਾਂ ਦੀ ਖਰੀਦਦਾਰੀ ਕਰੋ, ਔਨਲਾਈਨ ਸੈਂਟਾ ਕਲਾਜ ਪਰੇਡ ਦੇਖੋ – ਚਿੰਤਾ ਨਾ ਕਰੋ, ਸੈਂਟਾ ਇਸ ਸਾਲ ਵੀ ਬ੍ਰੈਂਪਟਨ ਵਿੱਚ ਆਵੇਗਾ! – ਅਤੇ ਮੇਰੇ ਨਾਲ ਔਨਲਾਈਨ ਜੁੜੋ ਕਿਉਂਕਿ ਅਸੀਂ ਔਨਲਾਈਨ ਟ੍ਰੀ ਲਾਈਟਿੰਗ ਵਾਸਤੇ ਉਲਟੀ ਗਿਣਤੀ ਕਰਾਂਗੇ। ਛੁੱਟੀਆਂ ਦੀਆਂ ਸ਼ੁਭਕਾਮਨਾਵਾਂ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ ਦਾ ਵਿੰਟਰ ਲਾਈਟਸ ਫੈਸਟੀਵਲ, ਸਾਰਿਆਂ ਲਈ ਇੱਕ ਬੇਜੋੜ ਤਿਓਹਾਰ ਵਾਲਾ ਅਨੁਭਵ ਹੋਵੇਗਾ। ਇਸ ਸਾਲ ਤੁਸੀਂ ਆਪਣੇ ਘਰ ਬੈਠੇ ਹੀ ਅਰਾਮ ਨਾਲ ਔਨਲਾਈਨ, ਸਿਟੀ ਦੀ ਸਾਲਾਨਾ ਟ੍ਰੀ ਲਾਈਟਿੰਗ ਅਤੇ ਸੈਂਟਾ ਕਲਾਜ ਪਰੇਡ ਦੇਖ ਸਕਦੇ ਹੋ। ਨਾਲ ਹੀ, ਤੁਸੀਂ ਕਾਰ ਵਿੱਚ ਬੈਠੇ ਹੀ ਗੇਜ ਪਾਰਕ ਨੂੰ ਪਹਿਲਾਂ ਤੋਂ ਕਿਤੇ ਵੱਧ ਜਗਮਗਾਉਂਦਾ ਦੇਖ ਸਕਦੇ ਹੋ ਅਤੇ ਕ੍ਰਿਸਮਸ ਮਾਰਕੀਟ ਦਾ ਅਨੰਦ ਮਾਣ ਸਕਦੇ ਹੋ!"

- *ਪਾੱਲ ਵਿਸੇਂਟ (Paul Vicente), ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਸਿਟੀ ਦੇ ਸਟਾਫ਼ ਨੇ ਵਿੰਟਰ ਲਾਈਟਸ ਫੈਸਟੀਵਲ ਨੂੰ ਮਿਹਨਤ ਅਤੇ ਰਚਨਾਤਮਕ ਢੰਗ ਨਾਲ ਵਿਅਕਤੀਗਤ ਅਤੇ ਆਭਾਸੀ ਕਾਰਜਕਰਮਾਂ, ਦੋਵਾਂ ਨਾਲ ਵਧੀਆ ਬਣਾਉਣ ਲਈ ਕੰਮ ਕੀਤਾ ਹੈ। ਜਦੋਂ ਤੁਸੀਂ ਵਿਅਕਤੀਗਤ ਕਾਰਜਕਰਮਾਂ ਦਾ ਅਨੰਦ ਲਵੋਗੇ ਅਤੇ ਆਪਣੇ ਘਰ ਵਿੱਚ ਅਰਾਮ ਨਾਲ ਬੈਠ ਕੇ ਆਭਾਸੀ ਕਾਰਜਕਰਮ ਦੇਖੋਗੇ, ਤਾਂ ਸਿਹਤ ਅਤੇ ਸੁਰੱਖਿਆ ਸਬੰਧੀ ਉਪਾਅ ਅਪਨਾਉਣਾ ਯਕੀਨੀ ਬਣਾਓ!"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca